# 'ਸਬਦੁ'
## ਭਾਗ - 8

ਗੁਰਬਾਣੀ ਵਿਚ 'ਸਬਦ-ਸੁਰਤ' ਦੀ ਬਾਬਤ ਬਹੁਤ ਜ਼ਿਕਰ ਆਇਆ ਹੈ।

ਇਹਨਾਂ ਦੋਹਾਂ ਪਦਾਂ ਅਥਵਾ 'ਸਬਦ' ਅਤੇ 'ਸੁਰਤ' ਦੀ ਬਾਬਤ ਪਿਛਲੇ ਭਾਗਾਂ ਵਿਚ ਵਿਸਥਾਰ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ। ਪਰ 'ਸੁਰਤ' ਦੇ ਵਿਸ਼ੇ ਨੂੰ ਹੋਰ ਖੁਲਾਸਾ ਕਰਨ ਲਈ ਹੇਠਲੇ ਉਦਾਹਰਣ ਸਹਾਈ ਹੋ ਸਕਦੇ ਹਨ।

ਜਦ 'ਫੋਟੋ' ਲਈ ਜਾਂਦੀ ਹੈ, ਤਾਂ ਕੈਮਰੇ ਦੀ ਦ੍ਰਿਸ਼ਟੀ (vision) ਨੂੰ ਕੇਂਦਰਤ (focus) ਕੀਤਾ ਜਾਂਦਾ ਹੈ ਅਤੇ ਉਦਾਲੇ-ਪੁਦਾਲੇ ਦੇ ਵਾਧੂ 'ਦ੍ਰਿਸ਼' ਪਰੇ ਕੀਤੇ ਜਾਂਦੇ ਹਨ। ਇਸ ਤਰ੍ਹਾਂ ਲੋੜੀਂਦੇ ਦ੍ਰਿਸ਼ ਦਾ ਸਹੀ 'ਅਕਸ' ਫੋਟੋ ਵਿਚ ਆਉਂਦਾ ਹੈ।

ਐਨ ਇਸੇ ਤਰ੍ਹਾਂ ਧਿਆਨ ਨੂੰ ਸਿਰਫ਼ 'ਸਬਦ' ਅਥਵਾ ਗੁਰਮੰਤ੍ਰ ਤੇ ਹੀ ਇਕਾਗਰ ਯਾ ਕੇਂਦਰਤ ਕਰਨਾ ਜ਼ਰੂਰੀ ਹੈ, ਤਾਂ ਕਿ ਸਾਡੇ ਮਨ ਉਤੇ ਸਬਦ ਦਾ ਸੋਹਣਾ, ਸਾਫ਼ ਅਤੇ ਅਸਲੀ ਆਤਮਿਕ 'ਅਕਸ' ਤੇ 'ਅਸਰ' ਪੈ ਸਕੇ। ਦੂਜੇ ਲਫ਼ਜ਼ਾਂ ਵਿਚ, ਮਨ ਅਥਵਾ 'ਧਿਆਨ' ਵਿਚੋਂ ਹੋਰ ਬੇ-ਲੋੜੇ ਵਾਧੂ ਮਾਇਕੀ ਖਿਆਲ ਲਾਂਭੇ ਕਰਨ ਦੀ ਲੋੜ ਹੈ, ਅਥਵਾ 'ਧਿਆਨ' ਨੂੰ ਦੁਨਿਆਵੀ ਖਿਆਲਾਂ ਵਲੋਂ ਮੋੜ ਕੇ ਅਥਵਾ ਅਲਿਪਤ ਹੋ ਕੇ, ਇਕੋ 'ਸਬਦ' ਵਿਚ ਸੁਰਤੀ ਨੂੰ ਲਿਵ-ਲੀਨ ਕਰਨਾ ਹੈ। ਇਸ ਦਾ ਮਤਲਬ ਇਹ ਹੈ, ਕਿ 'ਸਬਦ-ਸੁਰਤ' ਦੀ ਕਮਾਈ ਲਈ ਦੁਨੀਆਂ ਵਲੋਂ 'ਅਲਿਪਤ' ਰਹਿਣਾ ਅਤਿ ਜ਼ਰੂਰੀ ਹੈ, ਤਾਂ ਕਿ 'ਸੁਰਤੀ' 'ਸਬਦ' ਵਿਚ ਲਾਉਣੀ ਸੌਖੀ ਹੋ ਸਕੇ।

ਮਨ ਨੂੰ ਦੁਨਿਆਵੀ ਖਿਆਲਾਂ ਤੋਂ ਮੋੜਨਾ ਤੇ ਇਕਾਗਰ ਕਰਨਾ ਅਥਵਾ 'ਸਬਦ' ਉਤੇ ਕੇਂਦਰਤ ਕਰਨਾ ਅਤਿਅੰਤ ਔਖਾ ਕੰਮ ਹੈ ਅਤੇ ਇਹੋ ਹੀ ਆਮ ਜਗਿਆਸੂਆਂ ਦੀ ਸ਼ਿਕਾਇਤ ਹੁੰਦੀ ਹੈ। ਇਸ ਲਈ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਅਥਵਾ 'ਸਾਧ ਸੰਗਤ' ਹੀ ਮਨ ਨੂੰ ਇਕਾਗਰ ਕਰਨ ਅਥਵਾ 'ਸਬਦ-ਸੁਰਤ' ਦੀ ਕਮਾਈ ਵਿਚ ਅਤਿਅੰਤ ਸਹਾਇਕ ਹੋ ਸਕਦੀ ਹੈ।

ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ॥ (**ਪੰਨਾ**-65)

ਸਾਧ ਕੈ ਸੰਗਿ ਨ ਕਤਹੂੰ ਧਾਵੈ॥
ਸਾਧਸੰਗਿ ਅਸਥਿਤਿ ਮਨੁ ਪਾਵੈ॥ (**ਪੰਨਾ**-271)

ਸਾਧਸੰਗਤਿ ਮਿਲਿ ਮਨ ਵਸਿ ਆਇਆ। (ਵਾ.ਭਾ.ਗੁ. 29/9)

ਆਤਸ਼ੀ ਸ਼ੀਸ਼ੇ (convex lens) ਵਿਚ ਦੀ ਲੰਘਦੀਆਂ ਹੋਈਆਂ ਸੂਰਜ ਦੀਆਂ ਕਿਰਨਾਂ ਇਕੱਠੀਆਂ ਤੇ ਇਕਾਗਰ (converge) ਹੋ ਕੇ, ਇਕ ਸ਼ਕਤੀਮਾਨ 'ਗੂੜ੍ਹੀ ਕਿਰਨ' ਦਾ ਰੂਪ ਧਾਰ ਲੈਂਦੀਆਂ ਹਨ। ਇਸ ਸ਼ਕਤੀਸ਼ਾਲੀ ਕਿਰਨ (converged dynamic ray) ਵਿਚ ਸੂਰਜ ਦੀ ਗਰਮੀ ਦੀ ਤੀਖਣਤਾ ਇਤਨੀ ਵੱਧ ਜਾਂਦੀ ਹੈ, ਕਿ ਉਹ ਕਾਗਜ਼ ਨੂੰ ਸਾੜ ਦਿੰਦੀ ਹੈ, ਜਦ ਕਿ ਸਧਾਰਣ ਕਿਰਨਾਂ ਦਾ ਕਾਗਜ਼ ਉਤੇ ਕੋਈ ਅਸਰ ਨਹੀਂ ਹੁੰਦਾ।

ਇਹ ਦ੍ਰਿਸ਼ਟਾਂਤ ਸਾਡੇ ਖਿਆਲਾਂ, ਧਿਆਨ ਅਥਵਾ 'ਸੁਰਤ' ਦੀਆਂ 'ਕਿਰਨਾਂ' ਤੇ ਸਹੀ ਢੁਕਦਾ ਹੈ। ਜਿਉਂ-ਜਿਉਂ ਸਾਡੇ ਖਿਆਲਾਂ ਦੀਆਂ ਕਿਰਨਾਂ ਇਕੱਠੀਆਂ ਅਤੇ ਇਕਾਗਰ ਹੁੰਦੀਆਂ ਜਾਂਦੀਆਂ ਹਨ, ਤਿਉਂ-ਤਿਉਂ ਇਹਨਾਂ ਦੀ ਸ਼ਕਤੀ ਵਧਦੀ ਜਾਂਦੀ ਹੈ।

ਸਾਡੇ ਇਕਾਗਰ ਧਿਆਨ ਦੀਆਂ ਕਿਰਨਾਂ 'ਸਬਦ-ਸੁਰਤ' ਦੀ ਕਮਾਈ ਦੁਆਰਾ ਤੀਬਰ ਤੇ ਸ਼ਕਤੀਮਾਨ ਹੋ ਜਾਂਦੀਆਂ ਹਨ, ਜਿਸ ਨਾਲ ਸਾਡੇ ਮਨ ਦੀ ਮੈਲ ਸੜਦੀ ਜਾਂਦੀ ਹੈ ਅਤੇ ਸਾਡਾ ਅੰਤਿਸ਼ਕਰਨ ਨਿਰਮਲ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਸਾਡੇ ਨਿਰਮਲ ਮਨ ਦੇ ਸ਼ੀਸ਼ੇ ਉਤੇ ਆਤਮਿਕ 'ਅਕਸ' ਛੇਤੀ ਪੈਂਦਾ ਹੈ ਅਤੇ ਗੁਰੂ ਦੀ ਬਖਸ਼ਿਸ਼ ਹੁੰਦੀ ਹੈ।

ਇਸ ਤਰ੍ਹਾਂ 'ਸਬਦ-ਸੁਰਤ' ਦੀ ਕਮਾਈ ਦੁਆਰਾ ਸਾਡੇ ਅੰਤ੍ਰ-ਆਤਮੇ 'ਨਾਮ' ਦਾ ਪ੍ਰਕਾਸ਼ ਹੁੰਦਾ ਹੈ ਅਤੇ 'ਗੋਬਿੰਦ ਗੱਜਦਾ' ਹੈ।

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥
ਸਾਵਧਾਨ ਏਕਾਗਰ ਚੀਤ॥ (**ਪੰਨਾ**-295)

ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ॥ (**ਪੰਨਾ**-1233)

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥ (**ਪੰਨਾ**-1315)

'ਧਿਆਨ' ਅਥਵਾ 'ਸੁਰਤੀ' ਦੀ ਇਕਾਗਰਤਾ ਲਈ ਲਗਨ, ਦ੍ਰਿੜ੍ਹਤਾ ਅਤੇ ਅਭਿਆਸ ਲਾਜ਼ਮੀ ਹੈ।

ਮਿਸਾਲ ਦੇ ਤੌਰ ਤੇ, ਜਦ ਬੱਚੇ ਟੈਲੀਵੀਜ਼ਨ (T.V.) ਵੇਖਦੇ ਹਨ ਤਾਂ ਉਹ ਇਤਨੇ 'ਮਗਨ' ਹੋ ਜਾਂਦੇ ਹਨ, ਕਿ ਉਹਨਾਂ ਨੂੰ ਉਦਾਲਾ-ਪੁਦਾਲਾ ਅਤੇ ਆਪਣਾ 'ਆਪ' ਭੁਲ ਜਾਂਦਾ ਹੈ ਅਤੇ ਹੋਰ ਕੁੱਝ 'ਸੁਝਦਾ' ਯਾ 'ਸੁਣਦਾ' ਹੀ ਨਹੀਂ। ਇਸ ਤਰ੍ਹਾਂ ਬੱਚਿਆਂ ਦੀ 'ਸੁਰਤ' ਟੈਲੀਵੀਜ਼ਨ ਵਿਚ ਮਗਨ ਹੋ ਕੇ 'ਚੁਭੀ' ਰਹਿੰਦੀ ਹੈ।

'ਪ੍ਰੇਮ-ਸਵੈਪਨਾ' ਅਥਵਾ 'ਪ੍ਰੀਤ ਦੀ ਡੋਰੀ', 'ਸੁਰਤ' ਨੂੰ 'ਸਬਦ' ਵਿਚ 'ਲਿਵ-ਲੀਨ' ਕਰਨ ਲਈ ਜਾਦੂ ਦਾ ਕੰਮ ਕਰਦੀ ਹੈ।

ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ॥

ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ॥ (**ਪੰਨਾ**-1363)

ਸਾਧਸੰਗਤਿ ਅਸਨੇਹ ਸਭ ਰੰਗ ਮਾਣਦੇ।
ਸਬਦ ਸੁਰਤਿ ਲਿਵਲੇਹ ਆਖਿ ਵਖਾਣਦੇ। (ਵਾ.ਭਾ.ਗੁ. 19/11)

ਸਾਧਸੰਗਤਿ ਗੁਰ ਸਬਦੁ ਪਿਆਰਾ। (ਵਾ.ਭਾ.ਗੁ. 29/20)

ਉਪਰਲੀ ਵਿਚਾਰ ਤੋਂ ਸਿੱਧ ਹੁੰਦਾ ਹੈ, ਕਿ 'ਸਬਦ-ਸੁਰਤਿ' ਦੀ ਕਮਾਈ ਲਈ —

ਸਾਧ ਸੰਗਤ
ਅਲੇਪਤਾ
ਇਕਾਗਰਤਾ
ਮਗਨਤਾ
ਅਭਿਆਸ
ਪ੍ਰੀਤ-ਡੋਰੀ
ਗੁਰਪ੍ਰਸਾਦਿ

ਦੀ ਅਤਿਅੰਤ ਲੋੜ ਹੈ।

ਇਹਨਾਂ ਸਾਧਨਾਂ ਵਿਚੋਂ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ 'ਸੰਗਤ' ਅਥਵਾ 'ਸਾਧ ਸੰਗਤ' ਹੀ ਪਹਿਲੀ ਪਉੜੀ ਜਾਂ ਮੁੱਢਲਾ ਸਾਧਨ ਹੈ, ਕਿਉਂਕਿ ਉਹਨਾਂ ਦੀ 'ਦੈਵੀ ਸੰਗਤ' ਦੇ 'ਪ੍ਰਭਾਵ' ਦੁਆਰਾ ਬਾਕੀ ਸਾਰੇ 'ਆਤਮਿਕ ਗੁਣ' ਸਹਿਜੇ ਹੀ ਮਨ ਵਿਚ ਆ ਵਸਦੇ ਹਨ।

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥ (**ਪੰਨਾ**-71)

ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ॥
ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ॥ (**ਪੰਨਾ**-297)

ਇਹੋ ਜਿਹੀ 'ਸਬਦ-ਸੁਰਤ' ਵਿਚ ਪ੍ਰੋਤੀ ਹੋਈ 'ਆਤਮਿਕ ਜੀਵਨ-ਰੌਂ' ਵਾਲੀ ਸਾਧ ਸੰਗਤ ਵਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।

ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ (**ਪੰਨਾ**-95)

ਤਾ ਕਾ ਦਰਸੁ ਪਾਈਐ ਵਡਭਾਗੀ॥
ਜਾ ਕੀ ਰਾਮ ਨਾਮਿ ਲਿਵ ਲਾਗੀ॥ (**ਪੰਨਾ**-193)

ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ॥ (**ਪੰਨਾ**-1172)

ਵਿਗਿਆਨ (science) ਦੀ ਖੋਜ ਅਨੁਸਾਰ ਸਾਰੀਆਂ ਦ੍ਰਿਸ਼ਟਮਾਨ ਸਥੂਲ ਚੀਜ਼ਾਂ,

ਭਿੰਨ-ਭਿੰਨ ਤੱਤਾਂ (elements) ਦੇ ਸੁਮੇਲ ਤੋਂ ਬਣੀਆਂ ਹਨ। ਜੇਕਰ ਕਿਸੇ ਅਸਥੂਲ ਮਾਦੀ ਵਸਤੂ (matter) ਨੂੰ ਬਾਰੀਕ ਤੋਂ ਬਾਰੀਕ ਤੋੜੀ ਜਾਈਏ, ਤਾਂ ਵਿਗਿਆਨ ਨੇ ਸਿੱਧ ਕਰ ਦਿਤਾ ਹੈ, ਕਿ ਇਹ ਦ੍ਰਿਸ਼ਟਮਾਨ ਮਾਦਾ ਅਦ੍ਰਿਸ਼ਟ ਅਤੇ ਸੂਖਮ ਅਣੂਆਂ, ਜਿਹਾ ਕਿ — ਮੌਲਿਕਿਯੂਲਜ਼ (molecules), ਐਟਮਜ਼ (atoms), ਨਿਊਟ੍ਰੋਨਜ਼ (neutrons) ਅਤੇ ਇਲੈਕਟ੍ਰੋਨਜ਼ (electrons) ਆਦਿ ਦੇ ਸੁਮੇਲ ਤੋਂ ਬਣਿਆ ਹੈ। ਇਲੈਕਟ੍ਰੋਨਜ਼ ਦੀ ਥਰਥਰਾਹਟ (vibration) ਯਾ ਹਰਕਤ ਕਰਕੇ ਹੀ ਸਾਰੀਆਂ ਮਾਦੀ ਵਸਤੂਆਂ ਹੋਂਦ ਵਿਚ ਆਉਂਦੀਆਂ ਹਨ।

ਐਨ ਇਸੇ ਤਰ੍ਹਾਂ ਪ੍ਰਭੂ ਤੋਂ ਉਪਜਿਆ ਸੂਖਮ, ਅਦ੍ਰਿਸ਼ਟ ਥਰਥਰਾਹਟ ਵਾਲਾ 'ਕਵਾਉ' ਜਾਂ 'ਅਨਹਦ ਸਬਦ' ਹੀ ਸਾਰੇ ਸੰਸਾਰ ਨੂੰ ਪੈਦਾ ਕਰਦਾ, ਪਾਲਦਾ ਤੇ ਚਲਾਉਂਦਾ ਹੈ। ਇਸ ਨੂੰ ਗੁਰਬਾਣੀ  ਵਿਚ 'ਅਨਹਦ ਬਾਣੀ', 'ਅਨਹਦ ਧੁਨ' ਅਤੇ 'ਅਨਹਦ ਨਾਦ' ਵੀ ਕਿਹਾ ਗਿਆ ਹੈ। ਇਹ 'ਅਨਹਦ ਸਬਦ' ਅਥਵਾ 'ਅਨਹਦ ਧੁਨੀ' ਸਰੀਰਕ ਕੰਨਾ ਨਾਲ ਨਹੀਂ ਸੁਣੀ ਜਾ ਸਕਦੀ ਕਿਉਂਕਿ ਇਹ ਤਾਂ ਤ੍ਰੈ-ਗੁਣਾਂ ਤੋਂ ਪਰੇ ਇਲਾਹੀ ਮੰਡਲ ਦੀ ਅਤਿ ਸੂਖਮ 'ਥਰਥਰਾਹਟ' ਅਥਵਾ 'ਸਬਦ' ਹੈ, ਜੋ ਸਿਰਫ਼ ਅੰਤ੍ਰ-ਆਤਮੇ ਅਨੁਭਵ ਦੁਆਰਾ ਹੀ ਸੁਣਿਆ ਜਾ ਸਕਦਾ ਹੈ। ਇਸ ਅਨਹਦ 'ਬਾਣੀ' ਅਥਵਾ 'ਸਬਦ' ਨੂੰ ਸੁਣਨ ਲਈ, ਪਹਿਲਾਂ ਸਾਨੂੰ 'ਬਾਣੀ' ਯਾ 'ਸਬਦ' ਦੇ ਅਸਥੂਲ ਅਖਰੀ ਰੂਪ 'ਗੁਰਮੰਤ੍ਰ' ਦਾ ਅਤੁਟ ਸਿਮਰਨ-ਅਭਿਆਸ ਕਰਨ ਦੀ ਲੋੜ ਹੈ। ਲਗਾਤਾਰ ਸਿਮਰਨ ਕਰਦਿਆਂ ਹੋਇਆਂ ਇਹ ਗੁਰਮੰਤ੍ਰ ਸੂਖਮ ਹੁੰਦਾ ਜਾਂਦਾ ਹੈ ਅਤੇ ਸਾਡੇ ਮਨ ਤਨ, ਬੁੱਧੀ ਅਤੇ ਅੰਤਿਸ਼ਕਰਨ ਵਿਚ ਧੱਸਦਾ, ਵਸਦਾ, ਰਸਦਾ ਹੋਇਆ 'ਅਖਰਹੀਣ' ਹੋ ਜਾਂਦਾ ਹੈ। ਇਸ ਤਰ੍ਹਾਂ ਗੁਰਮੰਤ੍ਰ ਅਥਵਾ 'ਸਬਦ' ਦੇ ਅਖਰ 'ਖਿਰ' ਜਾਂਦੇ ਹਨ ਤੇ ਆਪਣੇ ਅਸਲੀ ਸੂਖਮ ਸਰੂਪ 'ਸਬਦ' ਅਥਵਾ 'ਨਾਮ' ਦੁਆਰਾ ਅੰਤ੍ਰ-ਆਤਮੇ ਪ੍ਰਕਾਸ਼ਤ ਹੋ ਕੇ, 'ਪਰਗਟ ਪਹਾਰੇ ਜਾਪਦਾ' ਅਥਵਾ 'ਗੱਜਦਾ' ਹੈ।

ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥
ਜਹਾ ਬੋਲ ਤਹ ਅਛਰ ਆਵਾ॥ ਜਹ ਅਬੋਲ ਤਹ ਮਨੁ ਨ ਰਹਾਵਾ॥
ਬੋਲ ਅਬੋਲ ਮਧਿ ਹੈ ਸੋਈ॥
ਜਸ ਓਹੁ ਹੈ ਤਸ ਲਖੈ ਨ ਕੋਈ॥ (**ਪੰਨਾ**-340)

ਉਦਾਹਰਣ ਦੇ ਤੌਰ ਤੇ 'ਪਿਆਰ' ਅੱਖਰ ਕਿਸੇ 'ਖਿੱਚ' ਦੀ ਭਾਵਨਾ ਦਾ ਅਖਰੀ ਪ੍ਰਤੀਕ ਹੈ। ਇਹ 'ਖਿੱਚ' ਅਥਵਾ ਪਿਆਰ ਭਾਵਨਾ ਦੀ ਹੋਂਦ ਇਸ 'ਪਿਆਰ' ਅੱਖਰ ਉਤੇ ਨਿਰਭਰ ਨਹੀਂ ਹੈ। ਅਖਰਾਂ ਤੋਂ ਬਗੈਰ ਭੀ ਪਿਆਰ ਦਾ ਪ੍ਰਗਟਾਵਾ ਹੋ ਸਕਦਾ ਹੈ ਅਤੇ ਪ੍ਰੇਮ-ਸਵੈਪਨਾ ਦਾ ਰੰਗ-ਰਸ ਮਾਣਿਆ ਜਾ ਸਕਦਾ ਹੈ। ਇਹ ਅੱਖਰ ਤਾਂ ਆਪਣੇ ਆਪ ਵਿਚ ਨਿਰਜੀਵ ਅਤੇ ਬਿਨਸਨਹਾਰ ਹਨ, ਪਰ ਇਹਨਾਂ ਅੱਖਰਾਂ ਦੇ ਪਿਛੋਕੜ ਵਿਚ ਛੁਪੀ ਹੋਈ ਗੁਪਤ 'ਪ੍ਰੇਮ-ਸਵੈਪਨਾ' ਹੀ ਅਸਲੀ ਵਸਤੂ ਅਥਵਾ 'ਪ੍ਰੇਮ ਪਦਾਰਥ' ਹੈ।  ਜੋ ਸਿਰਫ਼ ਅਨੁਭਵ ਦੁਆਰਾ ਹੀ ਮਾਣੀ ਜਾ ਸਕਦੀ ਹੈ। ਪ੍ਰੇਮ-ਸਵੈਪਨਾ ਦਾ ਪ੍ਰਗਟਾਵਾ ਅਤੇ ਇਸ ਨੂੰ

ਮਾਨਣਾ ਹੀ, ਪਿਆਰ ਦੀ ਗੁਪਤ ਬੋਲੀ ਹੈ, 'ਚੁੱਪ-ਪ੍ਰੀਤ' ਹੈ, ਜੋ ਅਨੁਭਵੀ ਸੁਰਤ ਦੁਆਰਾ ਹੀ ਜਾਣੀ, ਬੁੱਝੀ ਅਤੇ ਮਾਣੀ ਜਾ ਸਕਦੀ ਹੈ।

ਇਸੇ ਤਰ੍ਹਾਂ 'ਬਾਣੀ' — 'ਸਬਦ', ਆਪਣੀ ਅਸਲੀ ਸੂਖਮ ਰੂਪ ਪ੍ਰੇਮ-ਭਾਵਨਾ ਯਾ 'ਚੁੱਪ-ਪ੍ਰੀਤ' ਦੁਆਰਾ ਪ੍ਰਕਾਸ਼ਤ ਅਤੇ 'ਪ੍ਰਗਟ' ਹੁੰਦਾ ਹੈ ਅਥਵਾ ਗੱਜਦਾ ਹੈ।

'ਸਬਦ ਦੀ ਕਮਾਈ' ਜਾਂ ਸਿਮਰਨ ਦਾ ਇਹ ਮੁੱਢਲਾ ਸਾਧਨ ਸਾਡੇ ਸਰੀਰ, ਮਨ ਅਤੇ ਬੁੱਧੀ ਤਾਈਂ ਸੀਮਤ ਹੈ। ਇਸ ਤੋਂ ਅਗੇ 'ਸਬਦ-ਸੁਰਤ' ਦੀ ਅੰਤ੍ਰ-ਆਤਮੇ 'ਖੇਲ' ਹੋਰਵੇਂ ਹੈ, ਜੋ —

ਪੜ੍ਹਨ-ਪੜ੍ਹਾਉਣ ਤੋਂ ਉਤੇ ਹੈ।
ਸਮਝਣ-ਸਮਝਾਉਣ ਤੋਂ ਬਾਹਰ ਹੈ।
ਬੁੱਧੀ ਦੀ ਪਕੜ ਤੋਂ ਪਰੇ ਹੈ।
ਕਰਮ-ਕਾਂਡਾਂ ਤੋਂ ਬਾਹਰ ਹੈ।
ਤਿੰਨਾਂ ਗੁਣਾਂ ਤੋਂ ਬਾਹਰ ਹੈ।
ਬਾਹਰਮੁਖੀ ਧਰਮਾਂ ਤੋਂ ਨਿਆਰੀ ਹੈ।
ਫਿਲਾਸਫੀ ਦੇ ਵਾਦ-ਵਿਵਾਦ ਤੋਂ ਉਪਰ ਹੈ।

ਜਦੋਂ 'ਸਬਦ' ਅਥਵਾ 'ਗੁਰਮੰਤ੍ਰ' ਦੀ ਕਮਾਈ ਅਥਵਾ 'ਸਿਮਰਨ' ਕਰਕੇ ਮਨ ਦਾ 'ਰੁਖ' ਅੰਤ੍ਰ-ਮੁਖੀ ਹੋ ਜਾਵੇ, ਤਾਂ ਇਹ 'ਉਨ-ਮਨ' ਹੋ ਜਾਂਦਾ ਹੈ। ਇਸ 'ਉਨ-ਮਨ' ਉਤੇ ਅੰਤ੍ਰ-ਆਤਮਾ ਦਾ ਅਕਸ ਪੈਂਦਾ ਹੈ, ਯਾ ਇਉਂ ਕਹੋ ਕਿ ਆਤਮ-ਪ੍ਰਕਾਸ਼ ਦਾ ਲਿਸ਼ਕਾਰਾ ਪੈਂਦਾ ਹੈ ਅਥਵਾ ਨਾਮ ਦੀ ਛੋਹ ਪ੍ਰਾਪਤ ਹੁੰਦੀ ਹੈ।

ਇਸ ਆਤਮਿਕ ਅਕਸ ਯਾ 'ਛੋਹ' ਦੀ ਪਾਰਸ-ਕਲਾ ਅਥਵਾ 'ਨਾਮ' ਵਿਚ ਆਕਿਰਖਨ ਸ਼ਕਤੀ ਅਥਵਾ 'ਪ੍ਰੀਤ-ਖਿੱਚ' ਹੈ। ਇਸ ਆਤਮਿਕ ਪ੍ਰੀਤ-ਖਿੱਚ ਤੋਂ ਬਗੈਰ ਸਾਡਾ ਮਨ ਮਾਇਕੀ ਖਿੱਚ (worldly gravity) ਵਿਚੋਂ ਨਿਕਲ ਨਹੀਂ ਸਕਦਾ ਅਤੇ ਸਬਦ-ਸੁਰਤ ਵਿਚ ਲੀਨ ਨਹੀਂ ਹੋ ਸਕਦਾ। ਇਹ ਆਤਮਿਕ ਪ੍ਰੀਤ-ਖਿੱਚ ਹੀ ਸਾਡੀ ਬਿਰਤੀ ਨੂੰ ਮਾਇਕੀ ਮੰਡਲ ਦੇ ਭਰਮ ਭੁਲਾਵੇ ਦੇ 'ਜਾਦੂ' ਵਿਚੋਂ ਖਿੱਚ ਕੇ ਕੱਢ ਸਕਦੀ ਹੈ।

ਇਸ ਤਰ੍ਹਾਂ 'ਸੁਰਤ' ਦੀ ਤਾਰ 'ਆਤਮਾ' ਵਲ ਖਿੱਚੀਂਦੀ ਜਾਂਦੀ ਹੈ —

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥ (**ਪੰਨਾ**-827)

ਆਤਮਿਕ 'ਪ੍ਰੇਮ-ਡੋਰੀ' ਦੀ ਖਿੱਚ ਖਾ ਕੇ, ਪ੍ਰੇਮ-ਸਵੈਪਨਾ ਵਿਚ 'ਬਿਸਮਾਦ' ਹੋਣਾ ਹੀ 'ਸਬਦ-ਸੁਰਤ' ਵਿਚ ਲਿਵ ਲੀਨ ਹੋਣਾ ਹੈ।

ਪਹਿਲੀ ਅਵਸਥਾ ਵਿਚ ਜਦ ਸਾਡਾ 'ਮਨ' ਇਕਾਗਰ ਹੋ ਕੇ, 'ਸਬਦ' ਅਥਵਾ 'ਗੁਰਮੰਤ੍ਰ' ਦੀ ਕਮਾਈ ਅਥਵਾ ਸਿਮਰਨ ਕਰਦਾ ਹੈ, ਤਾਂ ਇਸ ਨੂੰ 'ਧਿਆਨ' ਕਿਹਾ ਗਿਆ ਹੈ।

ਜਦ ਸਾਡੇ ਮਨ ਦਾ 'ਰੁਖ' ਬਦਲ ਕੇ ਅੰਤ੍ਰ-ਮੁਖੀ ਹੋ ਕੇ ਆਤਮਾ ਨੂੰ 'ਪਰਸਦਾ' ਅਥਵਾ 'ਛੋਂਹਦਾ' ਹੈ, ਤਾਂ 'ਨਾਮ' ਦੀ ਪ੍ਰੀਤ-ਡੋਰੀ ਨਾਲ ਸਾਡਾ ਮਨ ਆਤਮਾ ਦੀਆਂ ਡੂੰਘਿਆਈਆਂ ਵਿਚ 'ਖਿੱਚੀਂਦਾ' ਜਾਂਦਾ ਹੈ ਅਤੇ ਸਾਡਾ 'ਧਿਆਨ' ਬਦਲ ਕੇ ਸੂਖਮ 'ਅਨੁਭਵੀ ਸੁਰਤ' ਬਣ ਜਾਂਦਾ ਹੈ।

ਇਸ ਤਰ੍ਹਾਂ ਜਦ 'ਸੁਰਤ' — 'ਸਬਦ' ਅਥਵਾ 'ਨਾਮ' ਦੇ ਮਹਾਂਰਸ ਵਿਚ 'ਖੁਭ' ਜਾਵੇ ਅਥਵਾ 'ਲੀਨ' ਹੋ ਜਾਵੇ, ਤਾਂ ਉਸਨੂੰ 'ਸਬਦ-ਸੁਰਤ-ਲਿਵ' ਕਿਹਾ ਗਿਆ ਹੈ।

ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ॥ (**ਪੰਨਾ**-1074)

ਸਬਦੁ ਸੁਰਤਿ ਲਿਵ ਪਿਰਮ ਰਸੁ
ਅਕਥ ਕਹਾਣੀ ਕਥੀ ਨ ਜਾਏ। (ਵਾ.ਭਾ.ਗੁ. 16/10)

'ਸੁਰਤ' ਦੇ ਅੰਤ੍ਰ-ਆਤਮਾ' ਵਲ ਖਿਚੇ ਜਾਣ ਦੀ ਆਤਮਿਕ ਖੇਲ ਨੂੰ ਸਮਝਣ ਲਈ ਹੇਠਲਾ ਉਦਾਹਰਣ ਸਹਾਈ ਹੋ ਸਕਦਾ ਹੈ —

ਜੇਕਰ ਲੋਹੇ ਦੀਆਂ 'ਸੂਈਆਂ' ਦੇ ਉਤੇ ਦੀ 'ਚੁੰਬਕ' ਫੇਰੀ ਜਾਵੇ, ਤਾਂ —

ਕੋਈ ਸੂਈ ਬੁੜ੍ਹਕ ਕੇ ਚੁੰਬਕ ਨੂੰ ਚਿਮੜ ਜਾਵੇਗੀ।
ਕੋਈ ਸੂਈ ਲਟਕਣ ਲਗ ਜਾਵੇਗੀ।
ਕੋਈ ਸੂਈ ਉਤਾਂਹਾਂ ਉਠ ਕੇ ਫਿਰ ਡਿਗ ਪਵੇਗੀ।
ਕੋਈ ਸੂਈ ਪਈ ਹੋਈ ਹਿਲੇਗੀ।
ਕੋਈ ਸੂਈ ਹਿਲਦੀ ਹੀ ਨਹੀਂ।

'ਚੁੰਬਕ' ਵਿਚ ਤਾਂ ਇਕੋ ਜੇਹੀ 'ਆਕਰਸ਼ਣ-ਸ਼ਕਤੀ' ਹੀ ਕੰਮ ਕਰਦੀ ਹੈ, ਪਰ ਸੂਈਆਂ ਉਤੇ ਅੱਡ-ਅੱਡ 'ਅਸਰ' ਹੁੰਦਾ ਹੈ। ਕਿਉਂਕਿ ਸੂਈਆਂ ਨੂੰ ਕਈ ਦਰਜੇ ਦਾ 'ਜੰਗ' ਲਗਿਆ ਹੁੰਦਾ ਹੈ।

ਦੂਜੇ ਲਫ਼ਜ਼ਾਂ ਵਿਚ ਸੂਈਆਂ ਆਪਣੇ 'ਜੰਗ' ਅਥਵਾ 'ਮੈਲ' ਅਨੁਸਾਰ ਹੀ ਚੁੰਬਕ ਦੀ ਖਿੱਚ ਖਾਂਦੀਆਂ ਹਨ ਅਤੇ ਹਰਕਤ ਵਿਚ ਆਉਂਦੀਆਂ ਹਨ। ਜਿਹੜੀ ਸੂਈ ਬਿਲਕੁਲ ਸਾਫ਼ ਹੁੰਦੀ ਹੈ, ਉਹ ਫ਼ੌਰਨ ਚੁੰਬਕ ਨੂੰ ਆ ਚਿੰਮੜਦੀ ਹੈ। ਜਿਸ ਸੂਈ ਨੂੰ ਥੋੜਾ ਜੰਗ ਲਗਿਆ ਹੁੰਦਾ ਹੈ, ਉਹ ਉਥੇ ਹੀ ਹਿਲਦੀ ਹੈ, ਉਠ ਨਹੀਂ ਸਕਦੀ। ਪਰ ਜਿਹੜੀ ਸੂਈ 'ਜੰਗ' ਨਾਲ ਮਨੂਰ ਹੋਈ ਹੋਵੇ, ਉਸ ਉਤੇ ਚੁੰਬਕ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਉਹ 'ਟੱਸ ਤੋਂ ਮੱਸ' ਨਹੀਂ ਹੁੰਦੀ। ਇਸ ਵਿਚ ਚੁੰਬਕ ਦੀ ਕੋਈ ਖਾਮੀ ਨਹੀਂ ਬਲਕਿ 'ਜੰਗ' ਦਾ ਹੀ ਨੁਕਸ ਹੈ।

ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥ (**ਪੰਨਾ**-19)

ਐਨ ਏਸੇ ਤਰ੍ਹਾਂ ਆਤਮਾ ਵਿਚ ਤਾਂ ਇਕ ਸਾਰ ਆਤਮਿਕ 'ਚੁੰਬਕ ਸ਼ਕਤੀ' ਅਥਵਾ

'ਖਿੱਚ' ਹੈ, ਪਰ ਮਨ ਦੀ 'ਮੈਲ' ਦੇ ਦਰਜੇ ਅਨੁਸਾਰ ਹੀ ਜੀਵ ਆਤਮਿਕ ਖਿਚ ਖਾਂਦਾ ਹੈ।

ਜਦ ਤਾਈਂ 'ਧਿਆਨ' ਅਥਵਾ ਸਾਡੇ ਮਨ ਦੀ ਬਿਰਤੀ ਮਾਇਆ ਵਿਚ ਖੱਚਤ ਹੈ ਅਥਵਾ ਰੱਬ ਤੋਂ ਬੇਮੁਖ ਹੈ, ਤਦ ਤਾਈਂ ਸਾਡੀ ਸੁਰਤ 'ਸੁੱਤੀ' ਪਈ ਹੈ ਅਥਵਾ 'ਮੁਰਦਾ' ਹੈ, ਕਿਉਂਕਿ ਮਾਇਆ ਦੇ ਭਰਮ-ਭੁਲਾਵੇ ਵਿਚ ਸਾਨੂੰ ਆਤਮਿਕ ਮੰਡਲ ਦਾ ਗਿਆਨ ਯਾ ਯਕੀਨ ਹੀ ਨਹੀਂ ਹੁੰਦਾ।

ਜਿਉਂ-ਜਿਉਂ 'ਸੁਰਤ' ਅੰਤ੍ਰ-ਆਤਮੇ 'ਸਬਦ' ਵਿਚ ਲੀਨ ਹੁੰਦੀ ਜਾਂਦੀ ਹੈ — ਤਿਉਂ-ਤਿਉਂ ਜੀਵ ਦਾ ਬਾਹਰਮੁਖੀ ਸੰਸਾਰ ਤੋਂ ਸੰਬੰਧ ਘਟਦਾ ਜਾਂਦਾ ਹੈ ਅਤੇ ਉਸ ਨੂੰ ਆਪਣੇ ਉਦਾਲੇ-ਪੁਦਾਲੇ ਦੀ 'ਸੋਝੀ' ਹੀ ਨਹੀਂ ਰਹਿੰਦੀ। ਏਥੋਂ ਤਾਈਂ ਕਿ ਜਗਿਆਸੂ ਆਪਣੇ ਸਰੀਰ ਤੋਂ ਭੀ ਬੇ-ਸੁਧ ਹੋ ਜਾਂਦਾ ਹੈ। ਇਸ ਤਰ੍ਹਾਂ ਜੀਵ ਦੀ, ਆਪਣੇ ਪੰਜ ਭੂਤਕ ਸਰੀਰ ਚੇਤਨਤਾ ਤੋਂ 'ਬੇ-ਸੁਧ' ਹੋ ਕੇ 'ਮਾਨਸਿਕ ਮੌਤ' ਹੋ ਜਾਂਦੀ ਹੈ।

ਦੂਜੇ ਪਾਸੇ ਅਸਲੀ ਦੈਵੀ ਸਰੂਪ 'ਸਬਦ' ਅਥਵਾ 'ਨਾਮ' ਦੇ ਪ੍ਰਕਾਸ਼ ਮੰਡਲ ਵਿਚ ਪ੍ਰਵੇਸ਼ ਹੋ ਕੇ ਹੀ, ਜੀਵ ਦਾ ਸਤਿਗੁਰ ਦੇ ਘਰ 'ਨਵਾਂ ਜਨਮ' ਹੁੰਦਾ ਹੈ, ਫਿਰ ਜੀਵ ਦਾ ਸੰਸਾਰਕ ਆਵਾਗਮਨ ਮਿਟ ਜਾਂਦਾ ਹੈ।

ਦੂਜੇ ਲਫ਼ਜਾਂ ਵਿਚ ਅੰਤ੍ਰ-ਆਤਮੇ 'ਸਬਦ' ਵਿਚ ਲਿਵ-ਲੀਨ ਹੋਣ ਤੇ ਹੀ ਜੀਵ ਦੀ 'ਗੁਰ ਕੈ ਸਬਦਿ ਜੀਵਤੁ ਮਰੈ' ਵਾਲੀ ਅਵਸਥਾ ਹੁੰਦੀ ਹੈ ਅਤੇ 'ਗੁਰਸਬਦ' ਦੇ ਪ੍ਰਕਾਸ਼-ਰੂਪ ਮੰਡਲ ਵਿਚ ਨਵਾਂ ਆਤਮਿਕ ਜਨਮ ਹੁੰਦਾ ਹੈ ਅਤੇ 'ਆਤਮਿਕ ਜੀਵਨ' ਦੀ ਪ੍ਰਾਪਤੀ ਹੁੰਦੀ ਹੈ।

ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ॥ (**ਪੰਨਾ**-33)

ਸਬਦਿ ਮਰੈ ਫਿਰਿ ਮਰਣੁ ਨ ਹੋਇ॥
ਬਿਨੁ ਮੂਏ ਕਿਉ ਪੂਰਾ ਹੋਇ॥ (**ਪੰਨਾ**-153)

ਸਬਦਿ ਮਰੈ ਤਿਸੁ ਨਿਜ ਘਰਿ ਵਾਸਾ॥
ਆਵੈ ਨ ਜਾਵੈ ਚੂਕੈ ਆਸਾ॥ (**ਪੰਨਾ**-224)

ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ॥ (**ਪੰਨਾ**-1234)

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ
ਤਾ ਫਿਰਿ ਮਰਣੁ ਨ ਹੋਈ॥ (**ਪੰਨਾ**-604)

ਉਪਰਲੀ ਵਿਚਾਰ ਨੂੰ ਸੰਖੇਪ ਤੌਰ ਤੇ ਇਉਂ ਦਰਸਾਇਆ ਜਾ ਸਕਦਾ ਹੈ —

'ਪਰਮਾਰਥ' ਦਾ ਆਰੰਭ 'ਸਾਧ ਸੰਗਤ' ਤੋਂ ਹੁੰਦਾ ਹੈ।

ਅਧਿਆਤਮਿਕ ਜੀਵਨ ਲਈ ਗੁਰਮੰਤ੍ਰ ਦਾ ਅਟੁੱਟ ਸਿਮਰਨ ਲਾਜ਼ਮੀ ਹੈ।

ਜਿਉਂ-ਜਿਉਂ 'ਧਿਆਨ' ਦੁਆਰਾ ਸਿਮਰਨ ਕੀਤਾ ਜਾਂਦਾ ਹੈ, ਤਿਉਂ-ਤਿਉਂ ਗੁਰਮੰਤ੍ਰ ਦੇ ਅਖਰ ਸੂਖਮ ਹੁੰਦੇ ਜਾਂਦੇ ਹਨ।

ਇਹ ਸੂਖਮ ਅਖਰ 'ਖਿਰ' ਕੇ, ਭਾਵਨਾ ਸਰੂਪ ਵਿਚ ਬਦਲ ਜਾਂਦੇ ਹਨ।

ਭਾਵਨਾ ਵਾਲੇ 'ਉਨਮਨ' ਉਤੇ ਇਲਾਹੀ ਬਖਸ਼ਿਸ਼ਾਂ ਦੀਆਂ ਕਿਰਨਾਂ ਪੈਂਦੀਆਂ ਹਨ।

ਇਲਾਹੀ ਕਿਰਨਾਂ ਦੁਆਰਾ ਆਤਮਿਕ 'ਛੋਹ' ਅਥਵਾ 'ਪਾਰਸ ਕਲਾ' ਵਰਤਦੀ ਹੈ।

ਆਤਮਿਕ 'ਛੋਹ' ਦੁਆਰਾ 'ਰੂਹ' ਨੂੰ ਅੰਤ੍ਰ-ਆਤਮੇ ਖਿੱਚ ਪੈਂਦੀ ਹੈ।

ਇਸ ਆਤਮਿਕ ਖਿਚ ਦੁਆਰਾ 'ਧਿਆਨ' — 'ਸੁਰਤੀ' ਵਿਚ ਬਦਲ ਜਾਂਦਾ ਹੈ।

'ਸੁਰਤੀ' ਸੂਖਮ ਸ਼ਬਦ ਦੀ ਡੋਰੀ ਅਥਵਾ ਇਲਾਹੀ ਧੁਨੀ ਨੂੰ ਫੜ ਲੈਂਦੀ ਹੈ।

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (**ਪੰਨਾ**-943)

'ਸਬਦ' ਅਥਵਾ 'ਨਾਮ' ਦੀ 'ਪ੍ਰੀਤ ਡੋਰੀ' ਨਾਲ 'ਸੁਰਤੀ' ਸਹਿਜ-ਸੁਭਾਇ ਅੰਤ੍ਰ-ਆਤਮੇ ਵਲ ਖਿਚੀਂਦੀ ਜਾਂਦੀ ਹੈ।

ਇਸ ਗੁਪਤ 'ਪ੍ਰਿਮ-ਖੇਲ' ਨੂੰ ਸਿਰਫ ਬਖਸ਼ੇ ਹੋਏ ਗੁਰਮੁਖ ਪਿਆਰੇ ਅਨੁਭਵ ਦੁਆਰਾ 'ਬੁੱਝ' ਤੇ 'ਮਾਣ' ਸਕਦੇ ਹਨ।

Fasten this ONE WORD to your heart.
Let the WORD go with you in your work and daily routine.
The WORD will keep your spirits awake.
Repeat the WORD until —

it penetrates your body,
it infiltrates your mind,
it permeates through your heart and soul,
your 'self ' is 'possessed' by it,
you 'hear' it with your heart and soul,
'feel' it in your intuition,
enjoy its bliss and joy in your very 'being',
'bask' in the easy warmth of its 'sunshine',
get lost in its 'glory',

and your 'whole being' gradually becomes 'embodiment' of this ONE WORD,

ਇਸ ਦਾ ਉਲੱਥਾ ਇਉਂ ਹੈ —

ਇਸ 'ਇਕ ਅੱਖਰ' ਅਥਵਾ 'ਗੁਰਮੰਤ੍' ਨੂੰ ਆਪਣੇ ਹਿਰਦੇ ਵਿਚ ਵਸਾ ਲਉ ਤੇ ਆਪਣੇ ਨਿਤ ਦੇ ਕੰਮਾਂ-ਕਾਜਾਂ ਵਿਚ ਨਾਲ-ਨਾਲ ਰਖੋ ਤੇ ਆਪਣੇ ਜੀਵਨ ਵਿਚ ਢਾਲ ਲਵੋ। ਇਸ ਇਕ ਅੱਖਰ ਦਾ ਇਤਨਾ ਰਟਨ-ਜਾਪ-ਸਿਮਰਨ ਕਰੋ, ਕਿ ਤੁਹਾਡੇ ਤਨ, ਮਨ, ਹਿਰਦੇ, ਅੰਤਿਸ਼ਕਰਨ ਵਿਚ ਇਹ ਅੱਖਰ ਅਥਵਾ ਗੁਰ ਮੰਤਰ ਧੱਸ-ਵੱਸ-ਰਸ ਜਾਵੇ, ਤੇ ਅਨੁਭਵ ਵਿਚ 'ਸੁਣਨ' ਲਗ ਜਾਵੇ। ਤੁਹਾਡਾ 'ਆਪਾ' ਜਾਂ ਹੋਂਦ ਹੀ ਇਸ ਮੰਤ੍ ਵਿਚ ਸਮਾ ਜਾਵੇ ਅਥਵਾ ਤੁਸੀਂ ਆਪ ਹੀ 'ਗੁਰ-ਮੰਤ੍' ਦਾ 'ਸਰੂਪ' ਬਣ ਜਾਵੋ।

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥ (**ਪੰਨਾ**-1375)

'ਪਰਮਾਰਥ' ਦੇ ਰਾਹ ਤੇ ਚਲਣ ਵਾਲਿਆਂ ਜਗਿਆਸੂਆਂ ਨੂੰ ਅਨੇਕਾਂ ਧਾਰਮਿਕ ਮੋੜ, ਭੁਲੇਖੇ, ਉਤਰਾਈਆਂ, ਚੜ੍ਹਾਈਆਂ, ਔਕੜਾਂ, ਅਤੇ ਮੁਖਾਲਫਤਾਂ ਵਿਚ ਦੀ ਲੰਘਣਾ ਪੈਂਦਾ ਹੈ।

ਜੀਵ ਤ੍ਰੈ-ਗੁਣੀ ਮਾਇਆ ਦੇ ਭਰਮ-ਭੁਲਾਵੇ ਵਿਚ ਵਿਚਰਦਾ ਹੈ। ਇਸ ਲਈ ਉਸ ਦੇ ਦੁਨਿਆਵੀ ਅਤੇ ਧਾਰਮਿਕ —

ਖਿਆਲ
ਨਿਸਚੇ
ਕਰਮ
ਧਰਮ
ਜੀਵਨ ਸੇਧ
ਜੀਵਨ

ਇਕ ਪੱਖੀ, ਅਧੂਰਾ, ਸੀਮਤ ਅਤੇ ਗਲਤ ਹੋ ਸਕਦਾ ਹੈ।

'ਅਧਿਆਤਮਿਕਤਾ' ਅਤਿ ਸੂਖਮ ਆਤਮ ਮੰਡਲ ਦੀ ਨਿਰਾਲੀ 'ਪ੍ਰੇਮ ਖੇਲ' ਹੈ, ਜੋ ਬੁੱਧੀ ਦੀ ਸਮਝ ਤੇ 'ਪਕੜ' ਤੋਂ ਪਰੇ ਹੈ।

ਅਧਿਆਤਮਿਕ ਅਵਸਥਾ ਦੀ ਬਿਸਮਾਦੀ 'ਪ੍ਰੇਮ-ਖੇਲ' ਨੂੰ ਸਿਰਫ਼ ਆਤਮਿਕ ਅਨੁਭਵ ਦੁਆਰਾ ਹੀ ਬੁੱਝਿਆ, ਸੀਝਿਆ, ਪਹਿਚਾਣਿਆ ਅਤੇ ਮਾਣਿਆ ਜਾ ਸਕਦਾ ਹੈ।

ਇਸ ਲਈ ਬੁੱਧੀ ਮੰਡਲ ਦੇ ਜਗਿਆਸੂਆਂ ਨੂੰ ਅਧਿਆਤਮਿਕ ਅਵਸਥਾ ਦੀ ਬਾਬਤ ਅਤਿਅੰਤ ਭੁਲੇਖੇ ਪੈਂਦੇ ਹਨ, ਜਿਸ ਕਾਰਣ ਜਗਿਆਸੂਆਂ ਵਿਚਕਾਰ ਬੜੇ ਤਲਖ ਵਾਦ-

ਵਿਵਾਦ, ਰਾਮ-ਰੌਲੇ ਤੇ ਝਗੜੇ ਹੁੰਦੇ ਰਹਿੰਦੇ ਹਨ।

ਅਧਿਆਤਮਿਕ ਮੰਡਲ ਦਾ ਅਨੁਭਵੀ ਗਿਆਨ ਨਾ ਹੋਣ ਕਾਰਣ, ਆਮ ਜਗਿਆਸੂ 'ਬੁੱਧੀ ਮੰਡਲ' ਦੀਆਂ ਪ੍ਰਾਪਤੀਆਂ ਨੂੰ ਹੀ ਆਤਮਿਕ ਪੰਧ ਦੀ ਪੂਰਨਤਾ ਸਮਝ ਲੈਂਦੇ ਹਨ ਤੇ ਅਜਾਈਂ ਭਲੇ-ਭਲੇਰੇ ਬਣ ਕੇ 'ਫੁੱਲੇ' ਨਹੀਂ ਸਮਾਉਂਦੇ। ਇਸੇ ਕਾਰਣ ਇਨ੍ਹਾਂ ਦੀ ਆਤਮਿਕ ਤਰੱਕੀ ਰੁਕ ਜਾਂਦੀ ਹੈ, ਬਲਕਿ ਐਸੇ ਭੁੱਲੇ ਹੋਏ ਜਗਿਆਸੂ 'ਧਰਮ' ਤੋਂ ਭੀ ਨਿਘਰਦੇ ਜਾਂਦੇ ਹਨ ਅਤੇ ਮਾਇਕੀ ਰਸਾਤਲ ਵਿਚ ਮੁੜ ਫਸ ਜਾਂਦੇ ਹਨ। ਹਾਸੋ ਹੀਣੀ ਗੱਲ ਤਾਂ ਇਹ ਹੈ, ਕਿ ਐਸੀ ਧਾਰਮਿਕ ਗਿਰਾਵਟ ਦੇ ਬਾਵਜੂਦ, ਉਹਨਾਂ ਦਾ 'ਧਾਰਮਿਕ ਅਭਿਮਾਨ' ਵੱਧਦਾ ਜਾਂਦਾ ਹੈ, ਪਰ ਉਹ ਖੁਦ ਇਸ ਤੋਂ ਅਣਜਾਣ, ਬੇਖਬਰ ਤੇ ਬੇਪ੍ਰਵਾਹ ਹੁੰਦੇ ਹਨ।

ਇਸ ਲਈ ਬੁੱਧੀ ਮੰਡਲ ਦੀ 'ਧਾਰਮਿਕ ਅਵਸਥਾ' ਅਤੇ ਆਤਮਿਕ ਮੰਡਲ ਦੀ 'ਅਨੁਭਵੀ ਪ੍ਰਿਮ-ਖੇਲ' ਵਿਚ ਨਿਰਣਾ ਕਰਨਾ ਜ਼ਰੂਰੀ ਹੈ ਤਾਂ ਕਿ ਅਭਿਲਾਖੀ ਜਗਿਆਸੂ ਆਪਣੀ ਧਾਰਮਿਕ ਅਵਸਥਾ ਦੀ ਪੜਚੋਲ, ਪਹਿਚਾਣ ਅਤੇ ਨਿਰਣਾ ਕਰ ਸਕਣ। ਹੇਠਲੇ ਬਿਉਰੇ ਦੁਆਰਾ ਇਹਨਾਂ ਦੋਹਾਂ ਅਵਸਥਾਵਾਂ ਦਾ ਨਿਰਣਾ ਕੀਤਾ ਜਾਂਦਾ ਹੈ —

| ਧਾਰਮਿਕ ਅਵਸਥਾ | ਅਧਿਆਤਮਿਕ ਅਵਸਥਾ |
|---|---|
| ਧਾਰਮਿਕ ਸਾਧਨ ਹਨ | ਆਤਮਿਕ ਖੇਲ ਹੈ |
| ਹਉਮੈ ਦੇ ਦਾਇਰੇ ਵਿਚ ਹੈ | ਗੁਰੂ ਦੀ ਬਖਸ਼ਿਸ਼ ਹੈ |
| ਉਦਮ ਯਾ 'ਹਠ' ਨਾਲ ਸਿਮਰਨ ਕਰੀਦਾ ਹੈ | ਆਪ-ਮੁਹਾਰੇ 'ਸਿਮਰਨ' ਚਲਦਾ ਹੈ |
| 'ਮਨ' ਮੱਲੋ-ਮੱਲੀ ਬਾਹਰ ਭੱਜਦਾ ਹੈ | 'ਸੁਰਤੀ' ਸਹਿਜ-ਸੁਭਾਇ ਅੰਤ੍ਰ-ਆਤਮਾ ਵਲ ਖਿਚੀਂਦੀ ਹੈ |
| ਰੁੱਖਾ-ਸੁਖਾ, ਫੋਕਾ ਤਰਲਾ ਅਥਵਾ 'ਅਲੂਣੀ ਸਿਲ ਚਟਣੀ ਹੈ | ਗੁਰੂ 'ਸਾਕੀ' ਹੋ ਕੇ ਪ੍ਰਿਮ-ਪਿਆਲਾ ਪਿਲਾਉਂਦਾ ਹੈ |
| ਬਾਹਰਮੁਖੀ ਧਰਮ ਹੈ | ਆਤਮਿਕ ਮੰਡਲ ਦੀ 'ਖੇਲ ਨਿਰਾਲੀ' ਹੈ |
| ਭਰਮ-ਭੁਲਾਵੇ ਦਾ ਹਨੇਰ ਹੈ | ਆਤਮਿਕ ਪ੍ਰਕਾਸ਼ ਹੈ |
| 'ਕਬਹੂ ਜੀਅੜਾ ਊਭਿ ਚੜਤ ਹੈ ਕਬਹੂ ਜਾਇ ਪਇਆਲੇ' | ਕਿਸੇ ਅਕਹਿ ਪ੍ਰੇਮ-ਸਵੈਪਨਾ ਦੇ ਗੜਾਉਂ ਅਥਵਾ ਸਹਿਜ ਦੀ ਮੌਜ ਹੈ |
| ਕਰਮ-ਧਰਮ ਹੈ | ਪ੍ਰੇਮ-ਸਵੈਪਨਾ ਦੇ ਆਕਾਸ਼ਾਂ ਦੀਆਂ ਉਡਾਰੀਆਂ ਹਨ |
| ਜਨਮ-ਮਰਨ ਵਿਚ ਹੈ | ਸਦੀਵੀ ਨਵਾਂ ਜੀਵਨ ਹੈ |

| | |
|---|---|
| ਮਾਨਸਿਕ ‘ਧਿਆਨ’ ਹੈ | ਅੰਤ੍ਰ-ਆਤਮੇ-‘ਸੁਰਤ’ ਹੈ |
| ਪਰਮਾਰਥਕ ਪੰਧ ਹੈ | ਆਤਮਿਕ ਮੰਜ਼ਿਲ ਹੈ |
| ਬਾਹਰਮੁਖੀ ਮਾਨਸਿਕ ਕ੍ਰਿਆ ਹੈ | ਅੰਤ੍ਰ-ਮੁਖੀ ਬਿਸਮਾਦੀ ਖੇਲ ਹੈ |
| ਦੁਖ-ਸੁਖ ਹੈ | ਸਦਾ ਅਨੰਦ ਹੈ |
| ਦੂਜਾ ਭਾਉ ਹੈ | ਆਪੇ ਆਪ ਹੈ |
| ਢਹਿੰਦੀਆਂ ਕਲਾਂ ਹੋ ਜਾਂਦੀਆਂ ਹਨ | ਸਦਾ ਚੜ੍ਹਦੀ ਕਲਾ ਹੈ |
| ਧਾਰਮਿਕ ਅਭਿਮਾਨ ਹੁੰਦਾ ਹੈ | ‘ਮੁਝ ਮਹਿ ਰਹਾ ਨ ਹੂੰ’ ਹੈ |
| ਧਾਰਮਿਕ ਤਅੱਸਬ ਤੇ ਨਫ਼ਰਤ ਹੈ | ‘ਸਗਲ ਸੰਗਿ ਹਮ ਕਉ ਬਨਿਆਈ’ ਹੈ |
| ‘ਹਮ ਕੀਆ ਹਮ ਕਰਹਿਗੇ’ | ‘ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰ’ |

ਗੁਰਮਤਿ ਵਾਲੀ ‘ਸਬਦ-ਸੁਰਤ-ਲਿਵ’ ਦੀ ‘ਸਹਜ-ਸਮਾਧਿ’ — ਜੋਗੀਆਂ ਵਾਲੀ ‘ਸੁੰਨ-ਸਮਾਧਿ’ ਤੋਂ ਵਿਲੱਖਣ ਹੈ। ਜੋਗੀਆਂ ਵਾਲੀ ‘ਸੁੰਨ-ਸਮਾਧ’, ਕਿਸੇ ਇਕ ਨੁਕਤੇ ਉਤੇ ਮਨ ਦੀ ਬਿਰਤੀ ਨੂੰ ਇਕਾਗਰ ਕਰਕੇ ਸਰੀਰ ਤੋਂ ਬੇ-ਸੁਧ ਹੋਣਾ ਹੈ। ਇਸ ਵਿਚ ‘ਪ੍ਰੇਮ-ਸਵੈਪਨਾ’ ਦੀ ਅੰਸ਼ ਨਹੀਂ ਹੁੰਦੀ। ਇਸ ਲਈ ਜਦ ਜੋਗੀ ਦੀ ਸਮਾਧੀ ਖੁਲਦੀ ਹੈ, ਤਾਂ ਉਹ ਮੁੜ ‘ਸਧਾਰਣ ਮਨੁਖ’ ਹੀ ਰਹਿੰਦਾ ਹੈ। ਇਸ ਤਰ੍ਹਾਂ ‘ਸੁੰਨ-ਸਮਾਧੀ’ ਮਾਨਸਿਕ ਬਿਰਤੀ ਦਾ ਤਜਰਬਾ ਯਾ ‘ਕ੍ਰਿਆ’ ਹੀ ਹੈ।

ਐਸੀ ‘ਸੁੰਨ-ਸਮਾਧ’ ਨਾਲ ਰਿਧੀਆਂ-ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ ਅਤੇ ‘ਜੋਗੀ’ ਇਹਨਾਂ ਨੂੰ ਹੀ ‘ਆਤਮਿਕ ਪ੍ਰਾਪਤੀ’ ਅਥਵਾ ‘ਮੰਜ਼ਿਲ’ ਸਮਝ ਕੇ, ਇਸ ਵਿਚ ਸੰਤੁਸ਼ਟ ਹੋ ਜਾਂਦਾ ਹੈ। ਬਲਕਿ ‘ਭਲਾ-ਭਲੇਰਾ’ ਬਣ ਕੇ, ਚੇਲੇ-ਬਾਲਿਆਂ ਅਤੇ ਠਾਠ-ਬਾਠ ਵਿਚ ‘ਫਸ’ ਜਾਂਦਾ ਹੈ। ਇਸ ਤਰ੍ਹਾਂ ਉਹ ਆਤਮਿਕ ਮੰਡਲ ਦੀ ਅਨੋਖੀ ‘ਪ੍ਰਿਮ-ਖੇਲ’ ਤੋਂ ਅਣਜਾਣ, ਬੇਖਬਰ, ਬੇਪ੍ਰਵਾਹ ਅਤੇ ਵਾਂਝਾ ਰਹਿੰਦਾ ਹੈ।

ਪਰ, ‘ਸਬਦ-ਸੁਰਤ-ਲਿਵ’ ਵਾਲੀ ਅਨੁਭਵੀ ਆਤਮਿਕ ਮੰਡਲ ਦੀ ‘ਪ੍ਰਿਮ-ਖੇਲ’ ਦੀ ‘ਸਹਜ-ਸਮਾਧ’ ਹੋਰਵੇਂ ਹੈ। ਪਹਿਲਾਂ ਅੰਤ੍ਰਮੁਖੀ ‘ਸਬਦ-ਸੁਰਤ’ ਦੀ ਕਮਾਈ ਕਰਦਿਆਂ ਹੋਇਆਂ ‘ਸੁਰਤ’, ‘ਸਬਦ’ ਵਿਚ ਲਿਵਲੀਨ ਹੁੰਦੀ ਜਾਂਦੀ ਹੈ। ਲਿਵ-ਲੀਨ ਹੋਈ ਸੁਰਤ ਉਤੇ ਜਦ ਸਬਦ ਦੀ ‘ਪਾਰਸ ਕਲਾ’ ਵਰਤਦੀ ਹੈ ਤਾਂ ਗੋਵਿੰਦ ਗੱਜਦਾ ਹੈ।

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥ (**ਪੰਨਾ**-1315)

ਇਸ ਤਰ੍ਹਾਂ ਤ੍ਰੈ-ਗੁਣੀ ਝੂਠੀ ਮਾਇਆ ਦੇ ‘ਹਦ-ਬੰਨੇ’ ਟੁਟ ਜਾਂਦੇ ਹਨ ਅਤੇ ਬੱਦਲਾਂ ਦੀ ਤਰ੍ਹਾਂ ਮਾਇਆ ਦੀ ਹਸਤੀ ‘ਉਡ-ਪੁਡ’ ਜਾਂਦੀ ਹੈ। ਫਿਰ ‘ਸਬਦ’ ਅੰਦਰ-ਬਾਹਰ ‘ਸਰਬ-ਰਹਿਆ-ਭਰਪੂਰ’ ਹੁੰਦਾ ਹੈ, ਇਸ ਨੂੰ ‘ਸਹਜ-ਸਮਾਧ’ ਜਾਂ ‘ਸਹਜ-ਧੁਨ’ ਕਿਹਾ ਜਾਂਦਾ ਹੈ। ਇਸ ‘ਸਬਦ-ਪ੍ਰਕਾਸ਼ ਦੀ ਸਹਜ-ਸਮਾਧ ਵਿਚੋਂ ਨਿਕਲਨਾ, ਜਗਿਆਸੂ ਦੀ

ਮੌਤ ਦੇ ਬਰਾਬਰ ਹੁੰਦਾ ਹੈ।

ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ॥ (**ਪੰਨਾ**-25)

ਇਸ ਊਚਮ-ਊਚੀ, ਸੂਚਮ-ਸੂਚੀ, ਅਨੰਦਮਈ 'ਸਹਜ-ਸਮਾਧ' ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ —

ਦੇਖਿ ਅਚਰਜੁ ਰਹੇ ਬਿਸਮਾਦਿ॥
ਘਟਿ ਘਟਿ ਸੁਰ ਨਰ ਸਹਜ ਸਮਾਧਿ॥ (**ਪੰਨਾ**-416)

ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ॥
(**ਪੰਨਾ**-574)

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ॥ (**ਪੰਨਾ**-1232)

ਦੁਨਿਆਵੀ 'ਨੇਤ੍ਰ-ਹੀਣ' ਜੀਵ, ਘੋਰ ਹਨੇਰ ਵਿਚ ਜੀਵਨ ਬਤੀਤ ਕਰਦੇ ਹਨ, ਇਸ ਲਈ ਉਹਨਾਂ ਦਾ ਦੁਨਿਆਵੀ ਗਿਆਨ ਅਧੂਰਾ, ਭੁਲੇਖਿਆਂ ਵਾਲਾ ਅਤੇ ਗਲਤ ਹੋ ਸਕਦਾ ਹੈ। ਇਹਨਾਂ ਦੀ 'ਮਨੋਕਲਪਤ ਦੁਨੀਆ' ਨਜ਼ਰ ਵਾਲਿਆਂ ਦੀ ਦਿਸਣਹਾਰ ਦੁਨੀਆ ਤੋਂ ਅੱਡਰੀ, ਵਿਲੱਖਣ ਅਤੇ ਅਧੂਰੀ ਹੁੰਦੀ ਹੈ ਇਸ ਲਈ ਉਹਨਾਂ ਦੀ 'ਜੀਵਨ-ਕ੍ਰਿਆ' ਅਥਵਾ ਖਿਆਲ, ਸੋਚਣੀ, ਕਰਮ, ਧਰਮ, ਵਰਤਾਰਾ ਅਤੇ ਪਰਮਾਰਥ ਭੀ, ਉਹਨਾਂ ਦੀ ਪ੍ਰਕਾਸ਼-ਹੀਣ 'ਹਨੇਰੀ', ਅੰਦਰਲੀ ਕਾਲੀ-ਬੋਲ਼ੀ ਦੁਨੀਆਂ ਦੇ ਮਨੋਕਲਪਤ ਨਿਸਚਿਆਂ ਉਤੇ ਹੀ ਅਧਾਰਤ ਹੁੰਦੇ ਹਨ, ਜੋ ਅਧੂਰੇ ਤੇ ਗਲਤ ਹੋ ਸਕਦੇ ਹਨ।

ਐਨ ਏਸੇ ਤਰ੍ਹਾਂ ਜੀਵ ਦੈਵੀ 'ਦਿਬ-ਦ੍ਰਿਸ਼ਟੀ' ਅਥਵਾ ਅਨੁਭਵੀ ਗਿਆਨ ਤੋਂ ਬਗੈਰ, ਆਤਮਿਕ ਮੰਡਲ ਦੀ ਗੈਬੀ ਅਦ੍ਰਿਸ਼ਟ ਦੁਨੀਆਂ ਤੋਂ ਅਣਜਾਣ, ਬੇ-ਪ੍ਰਵਾਹ, ਅੰਨੇ-ਬੋਲ਼ੇ, ਅਗਿਆਨੀ ਹਨ, ਜਿਸ ਕਾਰਣ ਉਹਨਾਂ ਦਾ ਸਾਰਾ ਜੀਵਨ, ਦ੍ਰਿਸ਼ਟਮਾਨ, ਝੂਠੀ, ਮਾਇਕੀ ਦੁਨੀਆਂ ਵਿਚ ਹੀ ਪਰਵਿਰਤ ਰਹਿੰਦਾ ਹੈ ਅਤੇ ਅਗਿਆਨਤਾ ਦੇ ਹਨੇਰੇ ਵਿਚ ਕਰਮ ਕਰਦੇ ਹਨ ਅਤੇ ਨਤੀਜੇ ਭੁਗਤਦੇ ਹਨ।

ਗੁਰਬਾਣੀ ਵਿਚ ਇਸ ਮਾਨਸਿਕ ਹਨੇਰ ਯਾ ਮਨ ਦੀ ਅਗਿਆਨਤਾ ਨੂੰ ਹੀ ਅੰਧਕਾਰ ਕਿਹਾ ਗਿਆ ਹੈ —

ਅਗਿਆਨੀ ਅੰਧਾ ਅੰਧੁ ਅੰਧਾਰਾ॥ (**ਪੰਨਾ**-116)

ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ॥ (**ਪੰਨਾ**-1088)

ਦੂਜੇ ਲਫ਼ਜ਼ਾਂ ਵਿਚ ਅਨੁਭਵੀ ਗਿਆਨ ਤੋਂ ਬਗੈਰ ਸਾਡੀ 'ਦਿਬ-ਦ੍ਰਿਸ਼ਟੀ' ਨਹੀਂ

ਖੁਲਦੀ ਅਤੇ ਆਤਮ-ਮੰਡਲ ਦੇ ਸ਼ਬਦ-ਪ੍ਰਕਾਸ਼ ਦੀ ਸੋਝੀ ਨਹੀਂ ਹੋ ਸਕਦੀ। ਇਸ ਤਰ੍ਹਾਂ ਆਤਮਿਕ ਦਿਬ ਦ੍ਰਿਸ਼ਟੀ ਤੋਂ ਬਗੈਰ ਅਸੀਂ ਆਤਮਿਕ ਤੌਰ ਤੇ 'ਅੰਧੇ' ਹਾਂ ਅਤੇ ਅਨੁਭਵੀ ਗਿਆਨ ਤੋਂ ਬਗੈਰ ਮਾਇਕੀ ਭਰਮ-ਭੁਲਾਵੇ ਦੇ ਹਨੇਰ ਵਿਚ ਜੀਵਨ ਬਤੀਤ ਕਰ ਰਹੇ ਹਾਂ।

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ (**ਪੰਨਾ**-922)

ਹਰ ਇਕ ਜੀਵ ਨੇ ਆਪੋ-ਆਪਣੇ ਸੰਸਕਾਰਾਂ ਅਤੇ ਨਿਸਚਿਆਂ ਅਨੁਸਾਰ —

ਪਰਮਾਤਮਾ
ਗੁਰੂ
ਸਬਦ
ਨਾਮ
ਆਤਮਿਕ ਮੰਜ਼ਿਲ

ਬਾਬਤ ਕੋਈ ਖਾਸ —

ਖਿਆਲ
ਕਲਪਨਾ
ਨਿਸਚਾ
ਸ਼ਰਧਾ-ਭਾਵਨੀ

ਬਣਾਈ ਹੋਈ ਹੈ। ਇਸੇ ਮਨੋਕਲਪਤ ਸ਼ਰਧਾ-ਭਾਵਨੀ ਅਨੁਸਾਰ ਹੀ ਅਸੀਂ ਧਰਮ ਅਥਵਾ ਪਰਮਾਰਥ ਕਮਾਉਂਦੇ ਹਾਂ।

ਸਾਡੇ ਸੰਸਕਾਰ ਭਿੰਨ-ਭਿੰਨ ਹੋਣ ਕਾਰਣ ਸਾਡੇ ਮਾਨਸਿਕ ਅਤੇ ਧਾਰਮਿਕ ਖਿਆਲਾਂ ਅਤੇ ਨਿਸਚਿਆਂ ਵਿਚਕਾਰ ਭਿੰਨਤਾ ਹੋਣੀ ਲਾਜ਼ਮੀ ਹੈ, ਜਿਸ ਕਾਰਣ ਸਾਡਾ ਆਪਸ ਵਿਚ ਧਾਰਮਿਕ ਵਾਦ-ਵਿਵਾਦ, ਤਅੱਸੁਬ, ਵੈਰ-ਵਿਰੋਧ, ਨਫ਼ਰਤ ਅਤੇ ਧਰਮ ਦੇ ਨਾਉਂ ਤੇ ਲੜਾਈਆਂ ਤੇ ਜ਼ੁਲਮ ਹੁੰਦੇ ਰਹਿੰਦੇ ਹਨ।

ਜੇਕਰ ਨੇਤ੍ਰ-ਹੀਣ 'ਅੰਧੇ' ਨੂੰ 'ਨੇਤ੍ਰ-ਜੋਤ' ਪ੍ਰਾਪਤ ਹੋ ਜਾਵੇ, ਤਾਂ ਉਹ ਇਸ ਪ੍ਰਵਿਰਤ ਅਤੇ ਪ੍ਰਾਕਿਰਤਕ ਅਨੋਖੀ ਦੁਨੀਆਂ ਨੂੰ ਦੇਖ ਕੇ ਅਤਿਅੰਤ ਹੈਰਾਨ ਹੋਵੇਗਾ। ਕਿਉਂਕਿ ਇਹ ਨਵੀਂ ਅਨੋਖੀ ਰੰਗੀਲੀ ਦੁਨੀਆਂ, ਉਸ ਦੀ ਪਹਿਲੀ ਮਨੋਕਲਪਤ ਦੁਨੀਆਂ ਨਾਲੋਂ, ਅਤੀ ਵਿਲੱਖਣ, ਰੰਗੀਲੀ, ਅੱਡਰੀ ਅਤੇ ਓਪਰੀ ਭਾਸੇਗੀ।

ਸੂਰਜ ਦਾ ਸਰੂਪ — ਉਸ ਦਾ ਪ੍ਰਕਾਸ਼ ਅਥਵਾ 'ਧੁੱਪ' ਹੈ

'ਸਬਦ' ਦਾ ਸਰੂਪ — 'ਅਨੁਭਵੀ ਪ੍ਰਕਾਸ਼' ਹੈ।

ਅੰਦਰਲੀ ਅਨੁਭਵੀ 'ਦਿਬ-ਦ੍ਰਿਸ਼ਟੀ' ਖੁਲਣ ਤੇ, ਜਦ ਜਗਿਆਸੂ ਆਤਮ-ਮੰਡਲ ਦਾ ਬਿਸਮਾਦੀ, ਪ੍ਰਕਾਸ਼ ਮਈ 'ਜਲਵਾ' ਦੇਖਦਾ ਹੈ, ਤਾਂ ਉਹ ਅਤਿਅੰਤ ਹੈਰਾਨ ਹੋ ਕੇ 'ਬਿਸਮਾਦ' ਹੋ ਜਾਂਦਾ ਹੈ।

'ਸਬਦ-ਪ੍ਰਕਾਸ਼ ਦੀ ਸੱਚੀ ਦੁਨੀਆਂ ਦੇ ਮੁਕਾਬਲੇ ਤੇ, ਜੀਵ ਦੇ ਆਪੂੰ ਘੜੇ ਹੋਏ ਮਨੋਕਲਪਤ ਖਿਆਲ, ਨਿਸਚੇ, ਗਿਆਨ ਆਦਿ ਸਭ ਝੂਠੇ ਅਤੇ ਕੂੜੇ ਪ੍ਰਤੀਤ ਹੁੰਦੇ ਹਨ।

'ਸਬਦ-ਪ੍ਰਕਾਸ਼' ਵਾਲੀ 'ਦਿਬ-ਦ੍ਰਿਸ਼ਟੀ' ਖੁਲਣ ਤੇ, ਜੀਵ ਉਤੇ ਜੋ ਹੈਰਾਨੀ ਅਤੇ 'ਬਿਸਮਾਦੀ' ਹਾਲਤ ਵਰਤਦੀ ਹੈ, ਉਸ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਹੈ —

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ॥ (**ਪੰਨਾ**-835)

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ। .........
ਅਦਭੁਤ ਪਰਮਦਭੁਤ ਬਿਸਮੈ ਬਿਸਮ
ਅਸਚਰਜੈ ਅਸਚਰਜ ਅਤਿ ਅਤਿ ਹੈ। (ਕ.ਭਾ.ਗੁ. 9)

ਸਬਦ ਸੁਰਤਿ ਅਨਹਦ ਲਿਵ ਲੀਨ ਭਏ
ਉਨਮਨ ਮਗਨ ਗਗਨ ਪੁਰ ਛਾਏ ਹੈ।
ਪ੍ਰੇਮ ਰਸ ਬਸ ਹੋਇ ਬਿਸਮ ਬਿਦੇਹ ਭਏ
ਅਤਿ ਅਸਚਰਜ ਮੈ ਹੈਰਤ ਹਿਰਾਏ ਹੈ॥
ਗੁਰਮੁਖਿ ਸੁਖ ਫਲ ਮਹਿਮਾ ਅਗਾਧਿ ਬੋਧ
ਅਕਥ ਕਥਾ ਬਿਨੋਦ ਕਹਿਤ ਨ ਆਏ ਹੈ। (ਕ.ਭਾ.ਗੁ. 33)

ਹਾਂ ਜੀ, ਇਹ 'ਸਬਦ-ਪ੍ਰਕਾਸ਼' ਦਾ ਪਰਮ-ਅਦਭੁਤ, ਅਸਚਰਜੋ-ਅਸਚਰਜ ਆਤਮਿਕ 'ਜਲਵਾ' ਤਾਂ —

ਸਬਦੁ ਉਜਾਰਾ ਹੈ
ਅਨੁਭਵੀ ਖੇਲ ਹੈ
'ਹਰ ਨਾਵੈ ਨਾਲਿ ਗਲਾਂ' ਹਨ
ਚੁਪ-ਪ੍ਰੀਤ ਹੈ
ਪ੍ਰੀਤ-ਡੋਰੀ ਹੈ
ਆਤਮਿਕ ਖਿੱਚ ਹੈ

‘ਪ੍ਰਿਮ-ਰਸ’ ਹੈ
ਪ੍ਰਿਮ-ਪਿਆਲਾ ਹੈ
ਪ੍ਰੇਮ-ਸਵੈਪਨਾ ਹੈ
‘ਅਨਹਦ ਧੁਨੀ’ ਹੈ
ਨਾਮ-ਖੁਮਾਰੀ ਹੈ
ਅਨਦ ਬਿਨੋਦੀ ਹੈ
‘ਪ੍ਰੇਮ-ਪਦਾਰਥ’ ਹੈ
‘ਬਸਤ ਅਗੋਚਰ’ ਹੈ
ਭਗਤ-ਭੰਡਾਰ ਹੈ
‘ਅਨਹਦ ਝੁਨਕਾਰ’ ਹੈ
‘ਗੁਪਤ ਨਾਮ ਪਰਗਾਝਾ’ ਹੈ
‘ਨਾਮ ਰਸਾਇਣ’ ਹੈ
ਨਾਮ ਅਮੋਲਾ ਹੈ
ਪਿਆਰ ਦੀ ਥਰਕੰਬਣੀ ਹੈ
ਆਤਮ ਹਿੰਡੋਲਾ ਹੈ
ਚੁਪ ਗਿੜਾਉਂ ਹੈ
ਅਸਚਰਜ ਸਵਾਦ ਹੈ
ਆਤਮ ਬਰਖਾ ਹੈ
‘ਗਿਆਨ ਕੀ ਆਂਧੀ’ ਹੈ
‘ਅਚਰਜੁ ਕਿਛੁ ਕਹਣੁ ਨ ਜਾਈ’ ਹੈ
‘ਝਿਮ ਝਿਮ ਬਰਸੈ ਅੰਮ੍ਰਿਤਧਾਰਾ’ ਹੈ
‘ਪਰਮ-ਅਦਭੁਤ’ ਹੈ
‘ਪਰਮ-ਤੱਤ’ ਹੈ
ਅਸਚਰਜੋ-ਅਸਚਰਜ ਹੈ
‘ਗੁਰਪ੍ਰਸਾਦਿ’ ਹੈ।

ਇਸ ਨੁਕਤੇ ਨੂੰ ਅੰਗਰੇਜ਼ੀ ਵਿਚ ਇਉਂ ਦਰਸਾਇਆ ਜਾ ਸਕਦਾ ਹੈ —

Everyone has different understanding and conception about the 'Divine Essence' i.e.; Wordless 'WORD', based on our changing intellectual knowledge and personal experiences.

But, when the 'Divine Essence' is intuitionally realised and revealed in our consciousness by the Grace of the Lord, it comes as a shocking — surprise, because it is so different and contradictory to the our established life-long hypothesis and cherished beliefs. The effulgence and glory of the Divine Essence of Wordless 'WORD' is so —

awe-striking<br>
thrilling<br>
charming<br>
captivating<br>
be-witching<br>
infatuating<br>
intoxicating

that the soul transcends the worldly consciousness, and is overwhelmed and lost in the ecstasy of Divine Bliss and Joy.

In this revelation of Divine Enlightenment, the soul forgets the materialistic World and its intellectual theoretical knowledge and philosophies — which it has imbibed and cherished in the materialistic consciousness, through the ages.

On the revelation of 'Divine Essence' the soul is ushered into the 'Divine World' and is 're-born' in the glory of 'wordless WORD'.

(ਚਲਦਾ .........)